# ਕੀ ਨਵਾਂ ਹੈ ਸਿਟੀ ਵਿੱਚ ਅਕਤੂਬਰ 2020

ABBOTSFORD

### ਸਿਟੀ ਸਰਵਿਸ ਅੱਪਡੇਟ



ਸਿਟੀ ਆਫ਼ ਐਬਟਸਫੋਰਡ ਦੀਆਂ ਸਾਰੀਆਂ ਸਰਵਿਸਾਂ ਔਨਲਾਈਨ abbotsford.ca ਉਤੇ ਜਾਂ ਫੋਨ ਦੁਆਰਾ ਉਪਲਬਧ ਹਨ।

### ਮਿਲਣ ਵਾਲੀਆਂ ਅਪੋਇੰਟਮਿੰਟਾਂ

ਕਈ ਸਰਵਿਸਾਂ ਲਈ ਸਿਟੀ ਹਾਲ ਮਿਲਣ ਵਾਲੀਆਂ ਅਪੋਇੰਟਮਿੰਟਾਂ ਦੇ ਰਹੇ ਹਨ। ਕੈਸ਼ੀਅਰ ਖੁੱਲ੍ਹੇ ਹਨ ਅਤੇ ਉਨ੍ਹਾਂ ਲਈ ਅਪੋਇੰਟਮਿੰਟ ਦੀ ਲੋੜ ਨਹੀਂ। ਕਿਰਪਾ ਕਰਕੇ ਸਿਟੀ ਹਾਲ ਆਉਣ ਤੋਂ ਪਹਿਲਾਂ ਤੁਸੀਂ ਜਿਸ ਡਿਪਾਰਟਮੈਂਟ ਨਾਲ ਗੱਲ ਕਰਨੀ ਹੈ, ਉਨ੍ਹਾਂ ਨੂੰ ਫੋਨ ਕਰੋ ਅਤੇ ਅਪੋਇੰਟਮਿੰਟ ਬਣਾਵੋ।

### ਅਪੋਇੰਟਮਿੰਟ ਬਣਾਉਣ ਲਈ ਨੰਬਰ:

ਬਿਲਡਿੰਗ ਅਤੇ ਬਿਜ਼ਨਿਸ ਲਾਈਸਿੰਸ (ਪਹਿਲੀ ਮੰਜ਼ਲ): 604-864-5525
ਸਿਟੀ ਕਲਰਕ ਦਾ ਆਫਿਸ (ਪੰਜਵੀਂ ਮੰਜ਼ਲ): 604-864-5506
ਇੰਜੀਨੀਰਿੰਗ (ਚੌਥੀ ਮੰਜ਼ਲ): 604-864-5514
ਪਾਰਕ, ਰੈਕਰੀਏਸ਼ਨ, ਅਤੇ ਕਲਚਰ (ਤੀਜੀ ਮੰਜ਼ਲ): 604-859-3134
ਪਲੈਨਿੰਗ ਅਤੇ ਡਵੈਲੱਪਮੈਂਟ ਸਰਵਿਸ (ਦੂਜੀ ਮੰਜ਼ਲ): 604-864-5510
ਹੋਰ ਜਾਣਕਾਰੀ ਲਈ ਵੈਬਸਾਈਟ ਤੇ ਜਾਓ abbotsford.ca/reopening

### ਪਟਾਕੇ ਚਲਾਉਣ ਤੇ ਪਾਬੰਦੀ ਹੈ



ਕਿਰਪਾ ਕਰਕੇ ਹੈਲੋਵੀਨ ਅਤੇ ਦੀਵਾਲੀ ਸੁਰੱਖਿਅਤ ਢੰਗ ਨਾਲ ਮਨਾਇਓ। ਪਟਾਕੇ ਅਤੇ ਅਤਿਸ਼ਬਾਜ਼ੀਆਂ ਚਲਾਉਣ ਦੀ ਐਬਟਸਫੋਰਡ ਵਿੱਚ ਇਜਾਜ਼ਤ ਨਹੀਂ ਹੈ। ਜਿਹੜੇ ਲੋਕ ਆਤਿਸ਼ਬਾਜ਼ੀਆਂ ਚਲਾਉਣੀਆਂ ਚਾਹੁੰਦੇ ਹਨ ਉਹਨਾਂ ਨੂੰ ਐਬਟਸਫੋਰਡ ਫਾਇਰ ਰੈਸਕਿਊ ਸਰਵਿਸਿਸ ਤੋਂ ਪਰਮਿਟ ਲੈਣਾ ਪਵੇਗਾ। ਹੋਰ ਜਾਣਕਾਰੀ ਵਾਸਤੇ abbotsford.ca/fire ਜਾਂ ਫਿਰ 604-853-3566 ਤੇ ਫੋਨ ਕਰੋ।

### ਵੇਸਟ ਵਿਜ਼ਰਡ



ਕੀ ਤੁਸੀਂ ਉਲਝਣ ਵਿਚ ਹੋ ਕਿਉਂਕਿ ਤੁਹਾਨੂੰ ਪਤਾ ਨਹੀਂ ਕਿ ਗਾਰਬੇਜ ਅਤੇ ਰੀਸਾਈਕਲਿੰਗ ਵਿੱਚ ਕੀ ਪੈਂਦਾ ਹੈ? ਵੇਸਟ ਵਿਜ਼ਰਡ ਨੂੰ ਦੇਖੋ ਜੋ ਕਿ ਐਬਟਸਫੋਰਡ ਕਰਬਸਾਈਡ ਕੋਲੈਕਸ਼ਨ ਐਪ ਵਿੱਚ ਹੈ। ਇਸ ਐਪ ਨੂੰ ਡਾਊਨਲੋਡ ਕਰੋ ਅਤੇ ਆਵਦੇ ਫੋਨ ਜਾਂ ਟੈਬਲਿਟ ਰਾਹੀਂ ਸਰਚ ਕਰੋ। ਹੋਰ ਜਾਣਕਾਰੀ ਲਈ ਇਥੇ ਜਾਵੋ: abbotsford.ca/wastewizard

### ਰੀਕ੍ਰਿਏਸ਼ਨ ਸਰਵਿਸਿਸ

ਐਬਟਸਫੋਰਡ ਦੇ ਪਾਰਕ, ਰੀਕ੍ਰਿਏਸ਼ਨ ਅਤੇ ਸੱਭਿਆਚਾਰ ਦੀਆਂ ਉਪਲੱਬਧ ਸੇਵਾਵਾਂ ਅਤੇ ਪ੍ਰੋਗਰਾਮਾਂ ਦੀ ਗਿਣਤੀ ਵਿੱਚ ਵਾਧਾ ਹੋ ਚੁੱਕਾ ਹੈ। ਹੋਰ ਜਾਣਕਾਰੀ ਜਾਂ ਪਹਿਲਾਂ ਰਜਿਸਟਰ ਕਰਨ ਵਾਸਤੇ abbotsford.ca/leisure/recreation/lessons_and_programs.htm. ਤੇ ਜਾਓ।

### ਪੱਤਝੜ ਦਾ ਮੌਸਮ



ਤੂਫਾਨੀ ਮੌਸਮ ਆ ਰਿਹਾ ਹੈ! ਕਿਰਪਾ ਕਰਕੇ ਧਿਆਨ ਰੱਖੋ ਕਿ ਤੁਹਾਡੇ ਸਥਾਨਕ ਤੂਫਾਨ ਨਾਲੀਆਂ ਅਤੇ ਕੈਚ ਬੇਸਿਨ ਪੱਤਿਆਂ ਅਤੇ ਮਲਬੇ ਤੋਂ ਸਾਫ ਹਨ ? ਜੇ ਤੁਸੀਂ ਸਥਾਨਕ ਹੜ੍ਹ ਜਾਂ ਹੇਠਾਂ ਡਿੱਗੇ ਦਰੱਖਤਾਂ ਨੂੰ ਦੇਖਦੇ ਹੋ ਤਾਂ ਕਿਰਪਾ ਕਰਕੇ ਸਿਟੀ ਦੇ ਓਪਰੇਸ਼ਨ ਯਾਰਡ ਵਿੱਚ 604-853-5485 ਤੇ ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 8:30 ਤੋਂ ਸ਼ਾਮ 4:30 ਦੇ ਵਿੱਚ-ਵਿੱਚ ਜਾਂ 604-864-5485 ਤੇ ਐਮਰਜੈਂਸੀ ਵੇਲੇ ਫੋਨ ਕਰ ਸਕਦੇ ਹੋ।

### ਸਿਟੀ ਕਾਊਂਸਲ ਦੀ ਜਾਣਕਾਰੀ

### ਪੱਬਲਿਕ ਹੀਰਿੰਗਜ਼ ਵਿੱਚ ਤਬਦੀਲੀਆਂ

ਪੱਬਲਿਕ ਹੀਰਿੰਗਜ਼ ਸਕੈਜੂਇਲ ਦੇ ਹਿਸਾਬ ਨਾਲ ਚੱਲ ਰਹੀਆਂ ਹਨ ਪਰ ਹੁਣ ਫੀਜ਼ੀਕਲ ਡਿਸਟਿਨਸਿੰਗ ਲਾਗੂ ਹੈ ਅਤੇ 50 ਵਿਅਕਤੀਆਂ ਤੋਂ ਵੱਧ ਬਿਲਡਿੰਗ ਵਿਚ ਕੋਈ ਹੋ ਨਹੀਂ ਸਕਦਾ।

### ਸਿਟੀ ਕਾਊਂਸਲ ਬਰੋਡਕੈਸਟ



ਸਿਟੀ ਕਾਊਂਸਲ ਦੀਆਂ ਮੀਟਿੰਗਾਂ ਅਤੇ ਅਜੰਡਾ abbotsford.ca/councilagendas ਉੱਤੇ ਉਪਲਬਧ ਹਨ। ਪਬਲਿਕ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ ਮੀਟਿੰਗਾਂ ਨੂੰ ਔਨਲਾਈਨ ਦੇਖਣ। ਵੈਬਸਾਈਟ: abbotsford.ca/watchcouncilonline

### ਕਾਊਂਸਲ ਮੀਟਿੰਗਾਂ

| | |
|---|---|
| ਅਕਤੂਬਰ 26: | ਸ਼ਾਮ 1 ਵਜੇ ਕਮਿਟੀ ਆਫ਼ ਦਾ ਹੋਲ |
| ਨਵੰਬਰ 2: | ਸ਼ਾਮ 3 ਵਜੇ ਐਗਜ਼ੈਕੁਟਿਵ ਮੀਟਿੰਗ |
| | ਸ਼ਾਮ 7 ਵਜੇ ਪਬਲਿਕ ਹੀਰਿੰਗ/ ਰੈਗੂਲਰ ਕਾਊਂਸਲ |
| ਨਵੰਬਰ 9: | ਸ਼ਾਮ 1 ਵਜੇ ਕਮਿਟੀ ਆਫ਼ ਦਾ ਹੋਲ |
| ਨਵੰਬਰ 16: | ਸ਼ਾਮ 3 ਵਜੇ ਐਗਜ਼ੈਕੁਟਿਵ ਮੀਟਿੰਗ |
| | ਸ਼ਾਮ 7 ਵਜੇ ਪਬਲਿਕ ਹੀਰਿੰਗ/ ਰੈਗੂਲਰ ਕਾਊਂਸਲ |
| ਨਵੰਬਰ 23: | ਸ਼ਾਮ 1 ਵਜੇ ਕਮਿਟੀ ਆਫ਼ ਦਾ ਹੋਲ |
| ਨਵੰਬਰ 30: | ਕੋਈ ਮੀਟਿੰਗ ਨਹੀਂ |